# ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ
# ਪੰਜਾਬ ਆਈ.ਸੀ.ਟੀ ਸਿੱਖਿਆ ਸੋਸਾਇਟੀ (ਪਿਕਟਸ)

ਐਸ.ਸੀ ਓ ਨੰ.162-164, ਤੀਜੀ ਮੰਜ਼ਿਲ, ਸੈਕਟਰ-34/A, ਚੰਡੀਗੜ੍ਹ

ਵੱਲ

ਸਮੂਹ ਸਕੂਲ ਮੁੱਖੀ (ਵੈੱਬ ਸਾਈਟ ਰਾਹੀ)
ਪੰਜਾਬ

ਪੱਤਰ ਨੰ. 3/7-2012-13/HW Comp/5274
ਮਿਤੀ: 14.09.12

ਵਿਸ਼ਾ:- ਕੰਪਿਊਟਰ ਅਧਿਆਪਕਾਂ ਵੱਲੋ ਹਾਰਡਵੇਅਰ ਦੀਆਂ ਸ਼ਿਕਾਇਤਾਂ ਦਰਜ ਨਾ ਕਰਵਾਉਣ ਬਾਰੇ।

1 ਇਸ ਦਫਤਰ ਦੇ ਪੱਤਰ ਨੰ. 3/5-ICT/2011/Misc/MM/4955-77 ਮਿਤੀ 03.09.2012 ਦਾ ਹਵਾਲ੍ਹਾ ਹੈ ਜੀ.।

2 ਰਾਜ ਦੇ ਸਕੂਲਾਂ ਦੇ ਦੌਰੇ ਦੌਰਾਨ ਇਸ ਦਫਤਰ ਦੇ ਅਧਿਕਾਰੀਆਂ ਨੇ ਵੇਖਿਆ ਹੈ ਕਿ ਬਹੁਤ ਗਿਣਤੀ ਵਿੱਚ ਕੰਪਿਊਟਰ ਅਧਿਆਪਕ ਖਰਾਬ ਪਏ ਹਾਰਡਵੇਅਰ ਦੀਆਂ ਸ਼ਿਕਾਇਤਾ ਦਰਜ ਨਹੀ ਕਰਵਾਉਦੇ ਅਤੇ ਕੰਪਿਊਟਰ ਲੰਬੇ ਸਮੇਂ ਤੱਕ ਬੰਦ ਪਏ ਰਹਿੰਦੇ ਹਨ। ਇਸ ਦੇ ਨਾਲ ਨਾਲ ਇਹ ਵੀ ਦੇਖਿਆ ਗਿਆ ਹੈ ਕਿ ਸਕੂਲ ਮੁੱਖੀ ਕੰਪਿਊਟਰ ਲੈਬਾਂ ਨੂੰ ਚਾਲੂ ਹਾਲਤ ਵਿੱਚ ਰੱਖਣ ਦੀ ਜਿੰਮੇਵਾਰੀ ਤੋਂ ਆਪਣੇ ਆਪ ਨੂੰ ਦੂਰ ਹੀ ਰੱਖਦੇ ਹਨ ਅਤੇ ਸਾਰੀ ਕੰਪਿਊਟਰ ਲੈਬ ਜਾਂ ਕਈ ਕੰਪਿਊਟਰ ਕਾਫੀ ਸਮੇ ਲਈ ਖਰਾਬ ਪਏ ਰਹਿੰਦੇ ਹਨ। ਸਕੂਲ ਮੁੱਖੀ ਕੰਪਿਊਟਰ ਅਧਿਆਪਕ ਦੀ ਕੋਈ ਵੀ ਜਵਾਬ ਤਲਬੀ ਨਹੀ ਕਰਦੇ ਹਨ। ਨਤੀਜੇ ਵਜੋਂ ਕੰਪਿਊਟਰ ਲੈਬਾਂ ਦੀ ਹਾਲਤ ਮਾੜੀ ਹੈ।

3 ਉਕਤ ਵਤੀਰਾ ਬਿਲਕੁੱਲ ਸਹਿਣ ਨਹੀ ਕੀਤਾ ਜਾ ਸਕਦਾ ਅਤੇ ਇਸ ਨੂੰ ਸੁਧਾਰਨ ਦੀ ਲੋੜ ਹੈ। ਇਸ ਲਈ ਹਰ ਸਕੂਲ ਲੈਬ ਲਈ ਇੱਕ ਕੰਪਿਊਟਰ ਅਧਿਆਪਕ ਨੂੰ ਸ਼ਿਕਾਇਤ ਦਰਜ ਕਰਵਾਉਣ ਲਈ ਨਾਮਜਦ ਕੀਤਾ ਜਾਵੇਗਾ। ਉਸ ਕੰਪਿਊਟਰ ਅਧਿਆਪਕ ਦੇ ਛੁੱਟੀ ਤੇ ਹੋਣ ਬਦਲਵੇ ਕੰਮ ਕਰਨ ਲਈ ਦੂਜੇ ਕੰਪਿਊਟਰ ਅਧਿਆਪਕ ਨੂੰ ਰਿਜਰਵ ਵਿੱਚ ਨਾਮਜਦ ਕੀਤਾ ਜਾਵੇਗਾ। ਕੁਤਾਹੀ ਕਰਨ ਵਾਲੇ ਕੰਪਿਊਟਰ

ਅਧਿਆਪਕ ਵਿੱਰੁਧ ਸਖਤ ਕਾਰਵਾਈ ਕੀਤੀ ਜਾਵੇਗੀ। ਸਕੂਲ ਮੁੱਖੀ ਨੂੰ ਬੇਨਤੀ ਕੀਤੀ ਜਾਦੀ ਹੈ ਕਿ ਉਹ ਹਰ ਰੋਜ ਸਵੇਰੇ ਕੰਪਿਊਟਰ ਅਧਿਆਪਕ ਨੂੰ ਬੁਲਾਕੇ ਕੰਪਿਊਟਰ ਲੈਬ ਵਿੱਚ ਪਏ ਕੰਪਿਊਟਰਾਂ, ਯੂ.ਪੀ.ਐਸ, ਪ੍ਰਿੰਟਰ ਅਤੇ ਲੈਨ ਖਰਾਬ ਹਨ ਬਾਰੇ ਪੁੱਛਣਗੇ ਅਤੇ ਚੈਕ ਕਰਨਗੇ ਕਿ ਖਰਾਬ ਹਾਰਡਵੇਅਰ ਦੀ ਸ਼ਿਕਾਇਤ ਦਰਜ ਕਰਵਾਈ ਗਈ ਹੈ ਜਾ ਨਹੀ। ਦਰਜ ਕਰਵਾਈ ਸ਼ਿਕਾਇਤ ਦੀ ਪੁਸ਼ਟੀ ਸ਼ਿਕਾਇਤ ਰਜਿਸਟਰ ਨੂੰ ਚੈਕ ਕਰਕੇ ਕੀਤੀ ਜਾਵੇਗੀ। ਹਰ ਲੈਬ ਲਈ ਇੱਕ ਅਲਗ ਸ਼ਿਕਾਇਤ ਰਜਿਸਟਰ ਹੋਵੇਗਾ।

4 ਸ਼ਿਕਾਇਤ ਰਜਿਸਟਰ ਦਾ ਪ੍ਰਫਾਰਮਾਂ ਹੇਠ ਅਨੁਸਾਰ ਹੋਵੇਗਾ:-

| ਲੜੀ ਨੰ | ਸ਼ਿਕਾਇਤ ਦਰਜ ਕਰਵਾਉਣ ਦੀ ਮਿਤੀ | ਖਰਾਬ ਹਾਰਡਵੇਅਰ ਦਾ ਵੇਰਵਾ | ਖਰਾਬ ਹਾਰਡਵੇਅਰ ਦੀ ਗਿਣਤੀ | ਖਰਾਬ ਹਾਰਡਵੇਅਰ ਦਾ ਸੀਰੀਅਲ ਨੰ. | ਇੰਜੀਨੀਅਰ ਦੇ ਆਉਣ ਦੀ ਮਿਤੀ | ਠੀਕ ਕੀਤੇ ਹਾਰਡਵੇਅਰ ਦੀ ਗਿਣਤੀ ਅਤੇ ਵੇਰਵਾ | ਠੀਕ ਨਾ ਕੀਤੇ ਹਾਰਡਵੇਅਰ ਦੀ ਗਿਣਤੀ ਅਤੇ ਵੇਰਵਾ | ਰਹਿੰਦੇ ਹਾਰਡਵੇਅਰ ਨੂੰ ਠੀਕ ਨਾ ਕਰਨ ਦਾ ਕਾਰਨ | ਦਸਤਖਤ (ਕੰਪਿਊਟਰ ਟੀਚਰ ਨਾਮ ਸਮੇਤ) | ਦਸਤਖਤ (ਇੰਜੀਨੀਅਰ ਨਾਮ ਸਮੇਤ) |
|---|---|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 | 10 | 11 |

ਡਾਇਰੈਕਟਰ ਜਨਰਲ ਸਕੂਲ ਸਿਖਿਆ
ਪੰਜਾਬ